# ਅਲੰਕਾਰ ਸੰਪਰਦਾਇ

- ਅਲੰਕਾਰ ਜਾ ਅਲੰਕ੍ਰਿਤ ਦੋਵੇ ਹੀ ਸਮਾਨਾਰਥਕ ਸਬਦ ਹਨ ਜਾ ਪਰਿਆਇਵਾਚੀ ਸ਼ਬਦ ਹਨ ਅਲੰਕਾਰ ਸ਼ਬਦ ਦੀ ਉ◌ੁਤਪਤੀ ਵ੍ਰਿਆਕਰਣਕਾਰ ਦੋ ਤਰਾ ਨਾਲ ਕਰਦੇ ਹਨ 1ਅਲੰਕਰੋਤੀਤਿ ਅਲੰਕਾਰ ਜੋ ਸੁਭਾਇਮਾਨ ਕਰਦਾ ਹੈ ਜਾਂ ਜੋ ਸਜੋਦਾ ਹੈ ਓ◌ਹ ਅਲੰਕਾਰ ਹੈ 2ਅਲੰਕਿ੍ਯਤੇ ਅਨੇਨ ਇਤਿ ਭਾਵ ਜਿਸ ਨਾਲ ਸਿੰਗਾਰ ਕੀਤਾ ਜਾਵੇ ਪਰ ਫੇਰ ਵੀ ਪਹਿਲੀ ਵਿਓ◌ੁਤੀਪੱਤ੍ਰੀ ਦੇ ਅਨੁਸਾਰ ਕਰਨ ਦਾ ਸਾਧਨ ਪਹਿਲ਼ੀ ਚ ਅਲੰਕਾਰ ਖੁਦ ਸਜੋਦਾ ਹੈ ਤੇ ਦੂਜੀ ਇਸ ਰਾਹੀਂ ਕਿਸੇ ਹੋਰ ਤੱਤ ਦੀ ਸਜਾਵਟ ਕੀਤੀ ਜਾਦੀ ਹੈ ਇਸ ਤਰਾ ਅਲੰਕਾਰ ਸਬਦ ਦੇ ਅਰਥ ਹੋਏ ਕਾਵੀ ਦੀ ਸੋਭਾ ਵਧਾਉਣ ਵਾਲੇ ਸਬਦ ਨੂੰ ਅਲੰਕਾਰ ਕਿਹਾ ਜਾਂਦਾ ਹੈ ਅਲੰਕਾਰ ਹੋਰ ਅਰਥ ਅਨੁਸਾਰ (ਅਲ)ਸਬਦ ਦੇ ਸਸ਼ਕ੍ਰਿਤ ਵਿੱਚ ਕਈ ਅਰਥ ਹਨ ਕਿਤੇ ਇਹ ਬੇ ਅਰਥ ਦੇ ਅਰਥ ਵਿੱਚ ਆਉਦਾ ਹੈ ਕਿਤੇ ਕਾਫੀ ਦੇ ਅਰਥ ਵਿਚ ਕਿਤੇ ਸੋਭਾ ਦੇ ਅਰਥ ਵਿਚ ਕੀਤੇ ਸੋਦਰਯ ਦੇ ਅਰਥ ਵਿਚ ਕਾਵਿ ਦੇ ਸਬਦ ਵਿਚ ਇਸ ਸਬਦ ਦਾ ਅਰਥ ਸੋਭਾ ਅਰਥਾਤ ਸਜਾਵਟ ਕਰਨ ਵਾਲਾ ਹੋਰ ਅਰਥ ਅਨੁਸਾਰ ਯੂਨਾਨੀ ਭਾਸ਼ਾ ਵਿਚ ਅੰਲ ਸ਼ਬਦ ਦੇ ਤੁੱਲ ਸਮ ਅੱਖਰਾਂ ਸਬਦ ਔਰਮ ਅਥਮਾਂ ਅਰਮ ਹੈ ਜਿਸ ਦਾ ਅਰਥ ਸੋਇਨਾ ਹੁੰਦਾ ਹੈ ਇਹ ਯੂਨਾਨੀ ਸਬਦ ਵੀ ਭੂਸ਼ਣ ਗਹਿਣੇ ਦੇ ਅਰਥ ਵਿਚ ਵਰਤਿਆ ਜਾਂਦਾ ਹੈ ਅਤੇ ਸੰਸਕ੍ਰਿਤ ਦਾ ਅਲੰ ਸਬਦ ਵੀ ਕਾਵਿ ਪ੍ਰਟਾ (ਅਭਿਵਿਅਕਤੀ) ਦਾ ਭੂਸ਼ਣ ਸੰਸਕ੍ਰਿਤ ਵਿਚ ਅਲੰਕਾਰ ਮੰਨਿਆ ਜਾਂਦਾ ਹੈ ਇਸ ਤਰਾ ਅਲੰਕਾਰ ਨੂੰ ਕਾਵਿ ਦੇ ਵਿੱਚ ਸੋਭਾ ਵੱਧਾਓ◌ੁਣ ਵਾਲਾ ਤੱਤ ਮੰਨਿਆ ਗਿਆ ਹੈ ਕਾਵਿ ਨੂੰ ਸਜਾਓ◌ੁਣ ਅਲੰਕਾਰ ਹੈ ਇਸ ਤਰਾ ਅਲੰਕਾਰ ਓ◌ੁਹ ਤੱਤ ਹੈ ਜੋ ਕਾਵਿ ਨੂੰ ਸੁੰਦਰਤਾ ਦਾ ਗਹਿਣਾ ਪਹਿਨਾਓਦਾ ਹੈ

# ਅਲੰਕਾਰਾਂ ਦਾ ਕਾਵਿ ਵਿਚ ਸਥਾਨ ਤੇ ਮਹੱਤਵ

- ਅਲੰਕਾਰ ਦਾ ਕਾਵਿ ਵਿੱਚ ਬਹੁਤ ਮਹੱਤਵਪੂਰਨ ਸੁਥਾਨ ਹੈ। ਕਾਵਿ ਵਿਚ ਅਲੰਕਾਰ ਦੇ ਸਥਾਨ ਬਾਰੇ ਵੱਖ ਵੱਖ ਕਾਵਿ ਸਾਸ਼ਤਰੀਅਾ ਦੇ ਵੱਖ ਵੱਖ ਵਿਚਾਰ ਹਨ ਅਲੰਕਾਰ ਸਕੂਲ ਦੇ ਸਥਾਪਕ ਪਹਿਲੇ ਸਮੀਖਿਕਾਰ ਨੇ ਅਲੰਕਾਰ ਨੂੰ ਕਾਵਿ ਦੀ ਅਾਤਮਾ ਮੰਨ ਕੇ ਰਸ ਨੂੰ ਇੱਕ ਰਸਵਰ ਨਾ ਦਾ ਖਾਲੀ ਅਲੰਕਾਰ ਹੀ ਮੰਨਿਆ ਹੈ ਇਓੁ ਕਾਵਿ ਦੇ ਵਿਚ ਇੱਕ ਨਿਵੇਕਲੀ ਅਲੰਕਾਰ ਸੰਪਦਾਇ ਦੀ ਸਥਾਪਨਾ ਹੋਈ ਹੈ ਭਾਮਹ ਨੇ ਕਾਵਿ ਚ ਅਲੰਕਾਰ ਦੀ ਥਾਂ ਇੱਕ ਵੱਖਰੇ ਢੰਗ ਦੀ ਦੱਸੀ ਹੈ ਸੁੰਦਰੀ ਦਾ ਅਣ ਸਿੰਗਾਰਿਅਾ ਗਿਆ ਮੁਖੜਾ ਸੋਹਣਾ ਹੁੰਦਾ ਹੋਇਅਾ ਵੀ ਗਹਿਣਿਆਂ ਤੋ ਬਗੈਰ ਸੋਭਾ ਨਹੀ ਦਿੰਦਾ ਅਰਥਾਤ ਕਵਿਤਾ ਸੁੰਦਰੀ ਕਦੇ ਨਹੀ ਕਹਿ ਜਾ ਸਕਦੀ ਜਦੋ ਤਕ ਅਲੰਕਾਰਾ ਨਾਲ ਸਜਾਈ ਨਾ ਗੁਈ ਹੋਵੇ ਅਗਨੀ ਪੁਰਾਣ ਵਿਚ ਕਿਹਾ ਹੈ ਕਿ ਅਰਥ ਅਲੰਕਾਰਾ ਤੋ ਹੀਣ ਸਰਸਵਤੀ ਇੱਕ ਵਿਧਵਾ ਵਾਂਗੂੰ ਹੈ ਜਯਦੇਵ ਨੇ ਅੰਕਿਤ ਕੀਤਾ ਹੈ ਕਿ ਜਿਹੜਾ ਅਰਥ ਅਲੰਕਾਰ ਤੋ ਰਹਿਤ ਕਾਵਿ ਨੂੰ ਕਾਵਿ ਸਵੀਕਾਰ ਕਰਦਾ ਹੈ ਓੁਹ ਅੱਗ ਨੂੰ ਸੇਕ ਤੋ ਹੀਣੀ ਕਿਓੁ ਨਹੀ ਮੰਨਦੇ ਅੱਰਥਾਤ ਜਿਵੇ ਸੇਕ ਤੇ ਅੱਗ ਦਾ ਸ਼ੰਬੰਧ ਹੈ ਅੱਨਿੱਖੜਵਾਂ ਹੈ ਤਿਵੇ ਹੀ ਕਾਵਿ ਤੇ ਅਲੰਕਾਰ ਅਾਪੇ ਵਿਚ ਅਨਿੱਖੜ ਹਨ ਤਿਵੇ ਹੀ ਕਾਵਿ ਤੇ ਅਲੰਕਾਰ ਹੋਰ ਕਾਵਿ-ਤੱਤਾਂ ਦੇ ਮੁਕਾਬਲੇ ਅੰਲਕਾਰ ਦੇ ਮਹੱਤਵ ਦੇ ਸੰਬੰਧ ਵਿਚ ਕਈ ਪ੍ਰਕਾਰ ਦੇ ਵਿਚਾਰ ਪ੍ਰਗਟ ਕੀਤੇ ਜਾਂਦੇ ਹਨ।

- ਜਿਸ ਤਰ੍ਹਾਂ ਕਾਵਿ ਦੇ ਸਰੂਪ ਦੇ ਸੰਬੰਧ ਵਿਚ ਵੱਖ-ਵੱਖ ਸੰਪਰਦਾਵਾਂ ਵੱਲੋਂ ਵੱਖਰਾ-ਵੱਖਰਾ ਨਜ਼ਰੀਆਂ ਅਪਣਾਇਆ ਗਿਆ ਹੈ, ਉਸੇ ਤਰ੍ਹਾਂ ਅਲੰਕਾਰ ਦੇ ਵਿਸ਼ੇ ਵਿਚ ਵੀ ਇਹ ਮੱਤਭੇਦ ਸੁਭਾਵਿਕ ਹੀ ਸੀ, ਇਹ ਮੱਤਭੇਦ ਪੁਰਾਣੇ ਸਮੇਂ ਤੋਂ ਹੀ ਰ੍ਹਿਹਾ ਹੈ। ਭਾਮਾਹ ਦੇ ਸਮੇਂ ਵੀ ਕਾਵਿ-ਅੰਲਕਾਰ ਨੂੰ ਕਾਵਿ ਦਾ ਬਾਹਰੀ ਅੱਤੇ ਅੰਦਰੂਨੀ ਤੱਤ ਮੰਨਣ ਵਾਲੇ ਦੋ ਮੱਤ ਪ੍ਰਚੱਲਿਤ ਸਨ, ਜਿਹਨਾਂ ਦਾ ਜ਼ਿਕਰ ਭਾਮਾਹ ਦੇ ਕਾਵਿ-ਅੰਲੱਕਾਰ ਵਿਚ ਕੀਤਾ ਗਿਆ ਹੈ। ਅਲੰਕਾਰ-ਸ਼ਾਸਤਰ ਦੇ ਆਰੰਭ ਵਿਚ ਇਨ੍ਹੰ ਬਹੁਤ ਮਹੱਤਵ ਦਿੱਤਾ ਗਿਆ ਸੀ, ਪਰ ਹੌਲੀ-ਹੌਲੀ ਇਸਦਾ ਮਹੱਤਵ ਘੱਟ ਹੁੰਦਾ ਗਿਆ। ਕਾਵਿ ਵਿਚ ਰਸ ਨੂੰ ਪ੍ਰਮੁੱਖ ਮੰਨਿਆ ਜਾਣ ਲੱਗ ਪਿਆ ਅਤੇ ਅਲੰਕਾਰ ਦਾ ਸਥਾਨ ਗੌਣ ਹੁੰਦਾ ਗਿਆ। ਕਾਵਿ ਦੀ ਅਭਿਵਿਅੰਜਨਾ ਪ੍ਰਧਾਨ ਪ੍ਰਣਾਲੀ ਦੇ ਸ਼ੁਰੂ ਹੋਣ ਤੋਂ ਪਹਿਲਾਂ ਅਲੰਕਾਰ ਨੂੰ ਹੀ ਕਾਵਿ ਦਾ ਸੁੰਦਰਤਾਮਈ ਤੱਤ ਮੰਨਿਆ ਜਾਣ ਲੱਗ ਪਿਆ ਸੀ। ਭਾਮਾਹ ਤੋਂ ਲੈ ਕੇ ਰੁਦਰਟ ਤੱਕ ਤੇ ਆਚਾਰੀਆ ਸਰੀਰਵਾਦੀ ਸਨ, ਉਹਨਾਂ ਨੇ ਕਾਵਿ ਵਿਚ ਸਰੀਰ ਦੇ ਸੌਂਦਰਯ ਦੇ ਆਧਾਰ ਤੇ ਅੰਲਕਾਰ ਨੂੰ ਕਾਵਿ ਦਾ ਜਰੂਰੀ ਤੱਤ ਮੰਨਿਆ, ਪਰ ਰੁਦਰਟ ਤੋਂ ਬਾਅਦ ਦੇ ਆਚਾਰੀਆਂ ਨੇ ਸਰੀਰ ਵੱਲ ਧਿਆਨ ਨਾ ਦੇ ਕੇ, ਰਸ ਜਾਂ ਧੁਨੀ ਨੂੰ ਹੀ ਕਾਵਿ ਦਾ ਮੂਲ ਮੰਨਿਆ ਅਤੇ ਰਸ ਰੂਪੀ ਆਤਮਾ ਦੇ ਅੰਗ ਦੇ ਰੂਪ ਵਿਚ ਅੰਲਕਾਰ ਨੂੰ ਸਵੀਕਾਰ ਕੀਤਾ। ਕੁੱਝ ਆਚਾਰੀਆਂ ਨੇ ਅਲੰਕਾਰਾਂ ਨੂੰ ਏਨਾ ਜ਼ਿਆਦਾ ਮਹੱਤਵ ਦਿੱਤਾ ਸੀ ਕਿ ਉਹਨਾਂ ਨੂੰ ਕਾਵਿ ਦੀ ਆਤਮਾ ਹੀ ਸਵੀਕਾਰ ਕਰ ਲਿਆ ਅਤੇ ਇਥੋਂ ਤੱਕ ਕਿਹਾ ਕਿ ਜੋ ਵਿਅਕਤੀ ਅਲੰਕਾਰ ਵਿਹੂਣੀ ਰਚਨਾ ਨੂੰ 'ਕਾਵਿ' ਸਵੀਕਾਰ ਕਰਦਾ ਹੈ, ਉਸ ਨੂੰ ਅੱਗ ਨੂੰ ਸੇਕ ਤੋਂ ਬਿਨਾਂ ਸਵਿਕਾਰ ਕਰ ਲੈਣਾ ਚਾਹੀਦਾ ਹੈ, ਭਾਵ ਜਿਸ ਤਰ੍ਹਾਂ ਅੱਗ ਤਪਸ਼ ਤੋਂ ਰਹਿਤ ਨਹੀਂ ਹੋ ਸਕਦੀ, ਉਸੇ ਤਰ੍ਹਾਂ ਕਾਵਿ 'ਅਲੰਕਾਰ' ਤੋਂ ਰਹਿਤ ਨਹੀਂ ਹੋ ਸਕਦਾ।

- ਉਪਰੋਕਤ ਤੱਥਾਂ ਨੂੰ ਧਿਆਨ ਵਿਚ ਰੱਖਦੇ ਹੋਏ ਹੀ ਆਚਾਰੀਆਂ ਨੇ ਕਾਵਿ ਵਿਚ ਅਲੰਕਾਰ ਦੀ ਸਥਿਤੀ ਉੱਤੇ ਵਿਚਾਰ ਕੀਤਾ ਹੈ। ਕਲਾ ਦੇ ਪ੍ਰਗਟਾਵੇ ਦਾ ਉੱਤਮ ਰੂਪ 'ਕਾਵਿ' ਹੈ। ਕਲਾ ਦਾ ਪ੍ਰਮੁੱਖ ਉਦੇਸ਼ ਆਪਣੇ ਆਪ ਨੂੰ ਪੂਰਨ ਰੂਪ ਵਿਚ ਦੁਨੀਆਂ ਦੇ ਸਾਹਮਣੇ ਪੇਸ ਕਰਨਾ ਹੈ, ਪਰ ਇਹ ਪੂਰਨਤਾ ਕਿਉਂਕਿ ਕਾਵਿ ਦੇ ਤੱਤ 'ਅਲੰਕਾਰ' ਦੇ ਖੇਤਰ ਵਿਚ ਆਸਾਨੀ ਨਾਲ ਹੋ ਜਾਂਦੀ ਹੈ, ਇਸੇ ਲਈ ਅੰਲਕਾਰ ਨੂੰ ਕਾਵਿ ਦਾ ਜਰੂਰੀ ਸਾਧਨ ਮੰਨਿਆ ਜਾਂਦਾ ਹੈ। ਇਸ ਲਈ ਅਲੰਕਾਰ ਸੰਪਰਦਾਇ ਦੇ ਆਦਾਰੀਆਂ ਨੇ ਵਿਅੰਗ ਅਰਥ ਦੀ ਸੁੰਦਰਤਾ ਵਧਾਉਣ ਲਈ 'ਧੁਨੀ ਤੇ ਰਸ' ਆਦਿ ਨੂੰ ਵੀ ਅਲੰਕਾਰ ਵਿਚ ਸ਼ਾਮਿਲ ਮੰਨ ਲਿਆ ਹੈ। ਅਲੰਕਾਰ ਦੇ ਪ੍ਰਯੋਗ ਦਾ ਭਾਵ; ਕਾਵਿ ਵਿਚ ਉਸਦੀ ਢੁੱਕਵੀਂ ਵਰਤੋਂ ਨਾਲ ਹੈ। ਅਲੰਕਾਰ ਦੀ ਕਾਵਿ ਲਈ ਕਾਫੀ ਲੋੜ ਹੈ ਕਿਉਕਿ ਇਸ ਨਾਲ ਕਾਵਿ ਵਿਚ ਵਿਲੱਖਣ ਸੁੰਦਰਤਾ ਪੈਦਾ ਹੁੰਦੀ ਹੈ ਅਤੇ ਇਹ ਰਸ ਅਭਿਵਿਅਕਤੀ ਵਿਚ ਸਹਾਇਕ ਹੁੰਦਾ ਹੈ। ਰਸ ਦਾ ਅਨੁਭਵ ਕਰਵਾਉਣਾ ਹੀ ਕਾਵਿ ਦਾ ਮੁੱਖ ਉਦੇਸ਼ ਹੈ। ਇਸ ਲਈ ਜੋ ਰਸ ਨੂੰ ਸੁੰਦਰ ਬਣਾਉਂਦੇ ਹਨ, ਉਹਨਾਂ ਨੂੰ ਕਿਵੇਂ ਅਣਲੋੜੀਂਦਾਂ ਜਾਂ ਘਟੀਆ ਆਖਿਆ ਜਾ ਸੱਕਦਾ ਹੈ।

- ਅੰਲਕਾਰ ਦਾ ਪ੍ਰਯੋਗ ਭਾਵੇਂ ਕਿਸੇ ਵੀ ਦਿਸ਼ਾ ਵਿਚ ਹੋਵੇ, ਉਸਦਾ ਉਦੇਸ਼ ਦੂਸਰਿਆ ਦੇ ਸਾਹਮਣੇ ਆਪਣੀ ਖਿੱਚ ਪੈਦਾ ਕਰਨਾ ਅਤੇ ਦੂਸਰਿਆ ਦੀ ਖੁਸ਼ੀ ਨੂੰ ਵਧਾਉਣਾ ਹੈ। ਪਰ ਇੱਥੇ ਇਕ ਗੱਲ ਵਿਚਾਰਨ ਯੋਗ ਹੈ ਕਿ ਕਰੂਪ ਇਸਤਰੀ ਭਾਵੇਂ ਗਹਿਣੇ ਵੀ ਪਾ ਲਵੇ, ਫਿਰ ਵੀ ਉਸਦੀ ਸੁੰਦਰਤਾ ਨਹੀਂ ਵੱਧਦੀ। ਇਸਦਾ ਕਾਵਿ ਜਗਤ ਵਿਚ ਅਰਥ ਇਹੋ ਲਿਆ ਜਾਂਦਾ ਹੈ ਕਿ ਭਾਵਾਂ ਦੀ ਹੀਣਤਾ ਤੇ ਕਾਰਨ ਕਾਵਿ ਵਿਚ ਅਲੰਕਾਰਾ ਦਾ ਪ੍ਰਯੋਗ ਸੁੰਦਰਤਾ ਵਧਾਉਣ ਵਾਲਾ ਨਹੀਂ ਹੋ ਸਕਦਾ। ਜਿਹੜੇ ਲੋਕ ਅਜਿਹਾ ਮੰਨਦੇ ਹਨ ਕਿ ਅਲੰਕਾਰ ਦੇ ਪ੍ਰਯੋਗ ਨਾਲ ਵਸਤੂ ਦੀ ਸੁਭਾਵਿਕ ਸੁੰਦਰਤਾ ਨਸ਼ਟ ਹੋ ਜਾਂਦੀ ਹੈ, ਉਹਨਾਂ ਨੂੰ ਸਮਝਣਾ ਚਾਹੀਦਾ ਹੈ ਕਿ ਆਮ ਜੀਵਨ ਵਿਚ ਜਦੋਂ ਅਸੀਂ ਕਿਸੇ ਨਾ ਕਿਸੇ ਰੂਪ ਵਿਚ ਅਲੰਕਾਰਾਂ ਦਾ ਪ੍ਰਯੋਗ ਕਰਦੇ ਹਾਂ, ਉਸ ਨਾਲ ਸਾਡੀ ਸੁਭਾਵਿਕ ਸੁੰਦਰਤਾ ਦਾ ਵਿਕਾਸ ਹੀ ਹੁੰਦਾ ਹੈ। ਉਸੇ ਤਰ੍ਹਾਂ ਕਾਵਿ ਦੇ ਵਿਕਾਸ ਲਈ ਵੀ ਕਿਸੇ ਨਾ ਕਿਸੇ ਰੂਪ ਵਿਚ ਅਲੰਕਾਰ ਦਾ ਪ੍ਰਯੋਗ ਕਵੀ ਲਈ ਜਰੂਰੀ ਮੰਨਿਆ ਗਿਆ ਹੈ। ਸਹਿਜਤਾ ਨਾਲ ਆਉਣ ਦੇ ਕਾਰਨ ਅਲੰਕਾਰ ਕਾਵਿ ਵਿਚ ਬਹੁਤ ਲਾਭਦਾਇਕ ਹੋ ਸਕਦੇ ਹਨ, ਜਿਨ੍ਹਾਂ ਦੇ ਬਿਨਾਂ ਕਾਵਿ-ਜਗਤ ਚਮਤਕਾਰਹੀਣ ਹੀ ਰਹਿੰਦਾ ਹੈ, ਪਰ ਇਸਦਾ ਇਹ ਭਾਵ ਨਹੀਂ ਕਿ ਸੁੰਦਰਤਾ ਨੂੰ ਨਾ ਵਧਾਉਣ ਦੇ ਬਾਵਜੂਦ ਵੀ ਅਲੰਕਾਰਾਂ ਦੀ ਵਰਤੋਂ ਕਰਨੀ ਜ਼ਰੂਰੀ ਹੈ। ਭਾਰਤੀ ਸਾਹਿਤ-ਸ਼ਾਸਤਰ ਦੇ ਵੱਖ-ਵੱਖ ਆਚਾਰੀਆਂ ਨੇ ਅਲੰਕਾਰ ਦੇ ਕਾਵਿ ਵਿਚ ਸਥਾਨ ਬਾਰੇ ਵੱਖ-ਵੱਖ ਮੱਤ ਪੇਸ਼ ਕੀਤੇ ਹਨ, ਉਹਨਾਂ ਵਿੱਚੋਂ ਕੁੱਝ ਪ੍ਰਮੁੱਖ ਆਚਾਰੀਆ ਨੇ ਕਾਵਿ ਵਿਚ ਅਲੰਕਾਰ ਦੀ ਸਥਿਤੀ ਜਰੂਰੀ ਮੰਨਦੇ ਹੋਏ, ਕਾਵਿ ਵਿਚ ਅਲੰਕਾਰਾਂ ਦੀ ਮਹੱਤਵਪੂਰਨ ਹੋਂਦ ਦੀ ਪ੍ਰੋੜਤਾ ਕੀਤੀ ਹੈ।

# ਅਲੰਕਾਰ ਸੰਪ੍ਰਦਾਇ ਦਾ ਇਤਿਹਾਸਕ ਵਿਕਾਸ

- ਭਾਰਤੀ ਕਾਵਿ-ਸੰਪਰਦਾਵਾਂ ਵਿਚੋਂ ਰਸ ਦੇ ਇਲਾਵਾ ਸਭ ਤੋਂ ਪੁਰਾਣਾ ਸੰਪਰਦਾਇ ਅਲੰਕਾਰ ਹੀ ਹੈ। ਵੈਸੇ ਤਾਂ ਖ਼ੁਦ ਭਰਤਮੁਨੀ ਨੇ ਨਾਟ-ਸ਼ਾਸਤਰ ਵਿਚ ਚਾਰ ਅਲੰਕਾਰਾਂ ਦਾ ਵਰਣਨ ਕੀਤਾ ਹੈ, ਪਰ ਉਹਨਾਂ ਨੇ ਇਹਨਾਂ ਅਲੰਕਾਰਾਂ ਨੂੰ ਜਿਆਦਾ ਮਹੱਤਵ ਨਹੀਂ ਦਿੱਤਾ। ਅਲੰਕਾਰਾਂ ਨੂੰ ਕਾਵਿ ਦੀ ਆਤਮਾ ਮੰਨਦੇ ਹੋਏ ਵੱਖਰੇ ਰੂਪ ਵਿਚ ਅਲੰਕਾਰ ਸੰਪਰਦਾਇ ਦੀ ਸਥਾਪਨਾ 'ਕਾਵਿ-ਅਲੰਕਾਰ' ਦੇ ਕਰਤਾ ਭਾਮਹ ਨੇ ਹੀ ਕੀਤੀ। ਇਸ ਲਈ ਅਲੰਕਾਰ ਸੰਪ੍ਰਦਾਇ ਦੇ ਸੰਸਥਾਪਕ ਆਚਾਰੀਆ ਭਾਮਹ ਹੀ ਹਨ। ਅਲੰਕਾਰ ਸੰਪਰਦਾਇ ਵਿਚ ਆਚਾਰੀਆ ਨੇ ਕਵਿਤਾ ਦਾ ਸਰੂਪ ਵਿਵੇਚਨ ਕਰਦੇ ਹੋਏ ਸ਼ਬਦ ਅਤੇ ਉਸਦੇ ਅਰਥ ਦੇ ਅਸਧਾਰਨ ਅੱਤੇ ਚਮਤਕਾਰਪੂਰਨ ਹੋਣ ਉੱਤੇ ਜ਼ੋਰ ਦਿੱਤਾ ਹੈ ਭਾਵ ਕਵਿਤਾ ਨੂੰ ਸ਼ਿਲਪ ਸਵੀਕਾਰ ਕੀਤਾ ਹੈ।

- ਅਲੰਕਾਰ ਸੰਪਰਦਾਇ ਦੇ ਇਤਿਹਾਸਕ ਵਿਕਾਸ ਵਿਚ ਜਿੱਥੇ ਈਸਾ ਦੀ ਛੇਵੀਂ ਸਦੀ ਤੋਂ ਦਸਵੀ ਸਦੀ ਤੱਕ ਅਲੰਕਾਰ ਸਿਧਾਂਤ ਦਾ ਭਰਪੂਰ ਵਿਸਥਾਰ ਹੋਇਆ, ਉੱਥੇ ਹੀ 10 ਵੀ ਸਦੀ ਉਪਰੰਤ ਇਸਦੇ ਵਿਸਥਾਰ ਵਿਚ ਅਤਿੰਤ ਸੰਕੋਚ ਆ ਗਿਆ ਅਤੇ ਇਸਨੂੰ ਕਵਿਤਾ ਦੀ ਜਰੂਰਤ ਨਾ ਮੰਨ ਕੇ ਸਜਾਵਟੀ ਤੱਤ ਦੇ ਰੂਪ ਵਿਚ ਹੀ ਮਾਣਤਾ ਮਿਲ ਸਕੀ। ਅਲੰਕਾਰਾਂ ਦੀਆਂ ਸੰਸਕ੍ਰਿਤ ਸਾਹਿਤ- ਸ਼ਾਸਤਰ ਵਿਚ ਤਿੰਨ ਸਥਿਤੀਆਂ ਮਿਲਦੀਆਂ ਹਨ। ਸ਼ੁਰੂ ਵਿਚ ਕਾਂਵਿ ਦੇ ਪ੍ਰਭਾਵੀ ਗੁਣ' ਸ਼ਬਦ ਅਲੰਕਾਰ' ਨੂੰ ਅਲੰਕਾਰ ਕਿਹਾ ਗਿਆ। ਬਾਅਦ ਵਿਚ ਰੀਤੀ, ਗੁਣ, ਬਿਰਤੀ, ਵਕ੍ਰੋਕਤੀ, ਰਸ ਆਦਿ ਸਾਰੇ ਤੱਤਾਂ ਨੂੰ ਕਾਵਿ ਸੁੰਦਰਤਾ ਦਾ ਕਾਰਨ ਮੰਨਿਆ ਗਿਆ ਅਤੇ' ਅਲੰਕਾਰ' ਸ਼ਬਦ ਦੇ ਦੂਸਰੇ ਵਿਉਤਪੱਤ ਅਰਥ ਦੇ ਅੰਤਰਗਤ ਸਾਰਿਆਂ ਨੂੰ ਹੀ ਅਲੰਕਾਰ ਮੰਨ ਲਿਆ ਗਿਆ। ਫਿਰ ਈਸਾ ਦੀ 10 ਵੀਂ ਸਦੀ ਦੇ ਬਾਅਦ ਇਕ ਦੌਰ ਅਜਿਹਾ ਆਇਆ ਕਿ ਹੋਰ ਸਾਰੇ ਸਜਾਵਟੀ ਤੱਤ ਵੱਖ-ਵੱਖ ਸੰਪਰਦਾਵਾਂ ਦੇ ਰੂਪ ਵਿਚ ਪ੍ਰਸਿੱਧ ਹੋ ਗਏ ਅਤੇ ਅਲੰਕਾਰ ਕੇਵਲ' ਸ਼ਬਦ, ਅਰਥ ਤੇ ਸ਼ਬਦਾਰਥ' ਅਲੰਕਾਰ ਦੇ ਰੂਪ ਵਿਚ ਵੇਖਿਆ ਜਾਣ ਲੱਗਾ। ਪਹਿਲਾਂ ਅਲੰਕਾਰ-ਸ਼ਾਸਤਰ ਸੰਪੂਰਨ ਸਾਹਿਤ ਜਾਂ ਕਾਵਿ-ਸ਼ਾਸਤਰ ਦਾ ਸਮਾਨਾਰਥੀ ਰਿਹਾ ਹੈ, ਪਰ ਬਾਅਦ ਵਿਚ ਕੇਵੱਲ ਇਹ ਅਲੰਕਾਰ ਸੰਪ੍ਰਦਾਇ ਲਈ ਹੀ ਵਰਤਿਆ ਜਾਣ ਲੱਗਿਆ, ਜਿਵੇਂ ਕਿ ਹੁਣ ਮੰਨਿਆਂ ਜਾਂਦਾ ਹੈ।

- "ਅਲੰਕਾਰ ਸੰਪਰਦਾਇ ਤੋਂ ਭਾਵ ਉਹਨਾਂ ਲੇਖਕਾਂ ਦੀ ਪਰੰਪਰਾ ਤੋਂ ਹੈ, ਜਿਹਨਾਂ ਨੇ ਰਸ ਅਤੇ ਧੁਨੀ ਸਿਧਾਂਤਾ ਦੇ ਪ੍ਰਸਿੱਧ ਹੋ ਜਾਣ ਤੋਂ ਪਹਿਲਾਂ ਅਤੇ ਬਾਅਦ ਵਿਚ ਅਲੰਕਾਰ ਨੂੰ ਹੀ ਕਾਵਿ ਦੀ ਸ਼੍ਰੇਸਰਟਤਾ ਦਾ ਪ੍ਰਮੁੱਖ ਸਾਧਨ ਮੰਨਿਆ।" ਸੰਸਕ੍ਰਿਤ ਸਾਹਿਤ-ਸ਼ਾਸਤਰ ਵਿਚ ਅਲੰਕਾਰ ਸੰਪਰਦਾਇ ਨਾਲ ਸੰਬੰਧਿਤ ਛੋਟੇ-ਵੱਡੇ ਅਨੇਕ ਆਚਾਰੀਆ ਹੋ ਚੁੱਕੇ ਹਨ। ਕਿਸੇ ਨੇ ਅਲੰਕਾਰਾਂ ਦਾ ਵਰਣਨ ਪ੍ਰਮੁੱਖ ਰੂਪ ਵਿਚ ਕੀਤਾ ਹੈ ਅਤੇ ਕਿਸੇ ਆਚਾਰੀਆ ਨੇ ਹੋਰ ਕਾਵਿ-ਸ਼ਾਸਤਰੀ ਸਿਧਾਂਤਾਂ ਦੇ ਮੁਕਾਬਲੇ ਅਲੰਕਾਰਾਂ ਦਾ ਵਰਣਨ ਗੌਣ ਰੂਪ ਵਿਚ ਕੀਤਾ ਹੈ। ਇਹਨਾਂ ਸਾਰੇ ਆਚਾਰੀਆਂ ਦਾ ਸੰਖੇਪ ਵਰਣਨ ਵੀ ਸਾਡੇ ਅਧਿਐਨ ਨੂੰ ਬਹੁਤ ਜਿਆਦਾ ਵਿਸਥਾਰ ਦੇ ਦੇਵੇਗਾ। ਇਸ ਲਈ ਇੱਥੇ ਕੇਵਲ ਉਹਨਾਂ ਅਲੰਕਾਰਵਾਦੀ ਆਚਾਰੀਆਂ ਦਾ ਹੀ ਵਰਣਨ ਕੀਤਾ ਗਿਆ ਹੈ, ਜਿਹਨਾਂ ਦੇ ਗ੍ਰੰਥ ਅਤੇ ਸਿਧਾਂਤ ਅਲੰਕਾਰ ਸੰਪਰਦਾਇ ਦੇ ਪ੍ਰਸੰਗ ਵਿਚ ਆਪਣਾ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਅੱਗੇ ਵੱਖ-ਵੱਖ ਆਚਾਰੀਆਂ ਦੁਆਰਾ ਕਿਹੜੇ ਅਲੰਕਾਰ ਸਵੀਕਾਰ ਕੀਤੇ ਗਏ, ਕਿਹੜੇ ਰੱਦ ਕੀਤੇ ਗਏ, ਕਿਹੜੇ ਨਵੇਂ ਅਲੰਕਾਰਾਂ ਦੀ ਕਲਪਨਾ ਕੀਤੀ ਅਤੇ ਅਲੰਕਾਰ ਪ੍ਰਤੀ ਉਹਨਾਂ ਨੇ ਕਿਸ ਤਰ੍ਹਾਂ ਦਾ ਦ੍ਰਿਸ਼ਟੀਕੋਣ ਅਪਣਾਇਆ ਆਦਿ ਨੁਕਤਿਆ ਤੇ ਧਿਆਨ ਕੇਂਦਰਿਤ ਕਰਦੇ ਹੋਏ ਅਲੰਕਾਰ ਸੰਪਰਦਾਇ ਨਾਲ ਸੰਬੰਧਿਤ ਆਚਾਰੀਆਂ ਦਾ ਵਰਣਨ, ਉਹਨਾਂ ਦੇ ਕਾਲ-ਕ੍ਰਮ ਅਨੁਸਾਰ ਦਿੱਤਾ ਗਿਆ ਹੈ। ਸੰਸਕ੍ਰਿਤ ਸਾਹਿਤ-ਸ਼ਾਸਤਰ ਵਿਚ ਅਲੰਕਾਰ ਵਿਵੇਚਨ ਦਾ ਲੜੀਵਾਰ ਇਤਿਹਾਸ ਆਚਾਰੀਆ ਭਰਤਮੁਨੀ ਦੇ 'ਨਾਟ-ਸ਼ਾਸ਼ਤਰ'ਨਾਲ ਸ਼ੁਰੂ ਹੁੰਦਾ ਹੈ।

# ਵੱਖ ਵੱਖ ਅਚਾਰਿਆ ਦੇ ਅਲੰਕਾਰ ਬਾਰੇ ਵਿਚਾਰ

- **ਆਚਾਰਿਆ ਭਰਤਮੁਨੀ**
- ਭਰਤਮੁਨੀ ਨੇ ਆਪਣੀ ਰਚਨਾ 'ਨਾਟਯ-ਸ਼ਾਸਤਰ'ਵਿੱਚ ਅਲੰਕਾਰਾਂ ਵੱਲ ਇਸ਼ਾਰਾ ਕੀਤਾ ਹੈ'।ਨਾਟਯ-ਸ਼ਾਸਤਰ'ਦੇ 16 ਵੇਂ ਅਧਿਆਇ ਵਿਚ ਭਰਤ ਮੁਨੀ ਦੁਆਰਾ ਚਾਰ ਅੰਲਕਾਰ-ਉਪਮਾ, ਯਮਕ, ਦੀਪਕ ਅਤੇ ਰੂਪਕ ਦਾ ਵਿਵੇਚਨ ਕੀਤਾ ਮਿਲਦਾ ਹੈ ਪਰ ਭਰਤਮੁਨੀ ਮੂਲ ਰੂਪ ਵਿਚ ਰਸਵਾਦੀ ਆਚਾਰੀਆ ਹੋਣ ਕਾਰਨ ਉਹਨਾਂ ਦੁਆਰਾ ਅਲੰਕਾਰਾਂ ਨੂੰ ਨਾਟਕ ਵਿਚਲੇ ਰਸ ਦੇ ਪ੍ਰਸੰਗ ਵਿਚ ਹੀ ਵਿਚਾਰਿਆ ਗਿਆ ਹੈ। ਭਰਤਮੁਨੀ ਦੁਆਰਾ ਆਪਣੇ 26 ਵੇਂ ਅਧਿਆਇ ਵਿਚ 36 ਕਾਵਿ ਲੱਛਣਾਂ ਦਾ ਜ਼ਿਕਰ ਕਰਦਿਆਂ ਉਦਾਹਰਨ, ਅਤਿਸ਼ਯ ਅਤੇ ਦ੍ਰਿਸ਼ਟਾਂਤ ਆਦਿ ਬਾਰੇ ਦੱਸਿਆ ਹੈ ਜੋ ਬਾਅਦ ਦੇ ਆਚਾਰੀਆਂ ਦੁਆਰਾ ਅੰਲੰਕਾਰ ਦੀ ਸ਼੍ਰੇਣੀ ਵਿਚ ਰੱਖ ਲਏ ਗਏ।

- **ਭਾਮਹ**
- ਭਾਮਹ ਨੇ ਆਪਣੇ ਗ੍ਰੰਥ 'ਕਾਵਿਯਾਲੰਕਾਰ' ਰਾਹੀਂ ਕਾਵਿ ਵਿਚ ਅੰਲਕਾਰਾਂ ਦੇ ਮਹੱਤਵ ਨੂੰ ਦਰਸਾਇਆ ਅਤੇ ਅਲੰਕਾਰਾਂ ਨੂੰ ਕਾਵਿ ਦੀ ਸ਼ੋਭਾ ਵਧਾਉਣ ਵਾਲਾ ਇਕੋ ਇਕ ਤੱਤ ਸਵੀਕਾਰ ਕੀਤਾ ਹੈ। ਉਹਨਾਂ ਅਨੁਸਾਰ ਕਾਵਿ ਬਿਲਕੁਲ ਉਸੇ ਤਰ੍ਹਾਂ ਸ਼ੋਭਾ ਪ੍ਰਾਪਤ ਨਹੀਂ ਕਰ ਸਕਦਾ, ਜਿਵੇਂ ਕੋਈ ਇਸਤਰੀ ਦਾ ਮੁੱਖ ਗਹਿਣਿਆ ਤੋਂ ਬਿਨਾਂ ਸ਼ੋਭਨੀਕ ਨਹੀਂ ਹੋ ਸਕਦਾ। ਭਾਮਹ ਦੁਆਰਾ ਕੁਲ 38 ਅਲੰਕਾਰਾਂ ਦਾ ਵਰਨਣ ਕੀਤਾ ਮਿਲਦਾ ਹੈ। ਜਿਹਨਾਂ ਵਿਚੋਂ ਦੋ ਸ਼ਬਦ ਅਲੰਕਾਰ ਸ਼ਾਮਿਲ ਹਨ।

- **ਦੰਡੀ**
- ਦੰਡੀ ਨੂੰ ਦੂਜਾ ਅਲੰਕਾਰਵਾਦੀ ਸ਼ਾਸਤਰੀ ਮੰਨਿਆ ਗਿਆ ਹੈ। ਉਸ ਨੇ ਆਪਣੇ ਗ੍ਰੰਥ 'ਕਾਵਯਾਦਰਸ਼' ਵਿਚ ਅਲੰਕਾਰ ਦਾ ਵਿਸਤਾਰ ਸਹਿਤ ਵਿਸ਼ਲੇਸ਼ਣ ਕੀਤਾ ਹੈ। ਉਸ ਨੇ ਕੁੱਲ ਚਾਰ ਸ਼ਬਦ ਅਲੰਕਾਰ ਅਤੇ 35 ਅਰਥ ਅਲੰਕਾਰਾਂ ਦਾ ਵਰਣਨ ਕੀਤਾ ਹੈ। ਵਿਦਵਾਨਾਂ ਦੁਆਰਾ ਅਲੰਕਾਰ ਨੂੰ ਕਾਵਿ ਦੇ ਬਾਹਰੀ ਤੱਤ ਵਜੋਂ ਸਥਾਪਿਤ ਕੀਤਾ ਗਿਆ ਹੈ ਕਿਉਂਕਿ ਇਹ ਕਾਵਿ ਵਿਚ ਅਸਥਾਈ ਅਤੇ ਸ਼ਿੰਗਾਰ ਦਾ ਸਾਧਨ ਹੀ ਮੰਨੇ ਗਏ ਹਨ। ਅਲੰਕਾਰ ਦੇ ਪ੍ਰਯੋਜਨ ਬਾਰੇ ਡਾ. ਪ੍ਰੇਮ ਪ੍ਰਕਾਸ਼ ਦੁਆਰਾ ਆਪਣੀ ਪੁਸਤਕ ਭਾਰਤੀ ਕਾਵਿ-ਸ਼ਾਸਤਰ ਵਿਚ ਪੰਡਿਤ ਰਾਮ ਦਹਿਨ ਮਿਸ਼੍ਰ ਦੁਆਰਾ ਪੇਸ਼ ਵਿਚਾਰਾਂ ਨੂੰ ਲਿਖਿਆ ਹੈ ਕਿ ਅਲੰਕਾਰਾਂ ਦੀ ਸਹੀ ਵਰਤੋਂ ਕਾਵਿ-ਸੁਹਜ ਵਧਾਉਣ ਲਈ ਹੀ ਹੈ। ਇਹ ਸੁਹਜ ਭਾਵੇ ਭਾਵਾਂ ਦਾ ਹੋਵੇ ਜਾਂ ਉਹਨਾਂ ਦੇ ਪ੍ਰਗਟਾ ਦਾ। ਭਾਵਾਂ ਨੂੰ ਸਜਾਉਣਾ, ਉਹਨਾਂ ਵਿਚੱ ਸੁਹਜ ਸੁਆਦ ਜਾਂ ਰਮਣੀਕਤਾ ਪੈਦਾ ਕਰਨਾ ਅਲੰਕਾਰ ਦਾ ਕੰਮ ਹੈ ਅਤੇ ਉਹਨਾਂ ਦਾ ਦੂਜਾ ਕੰਮ ਭਾਵਾਂ ਦੀ ਪ੍ਰਗਟਾਅ ਸ਼ੈਲੀ ਨੂੰ ਚਮਤਕਾਰੀ ਅਤੇ ਪ੍ਰਭਾਵਸ਼ਾਲੀ ਬਣਾਉਣਾ ਹੈ। ਇਸ ਤੋਂ ਸਹਿਜੇ ਹੀ ਆਪਣੇ ਮਤ ਵਿਚ ਕਿਹਾ ਜਾ ਸਕਦਾ ਹੈ ਕਿ ਇਹ ਅਲੰਕਾਰ ਕਾਵਿ ਦੀ ਆਤਮਾ ਵਜੋਂ ਸਥਾਪਿਤ ਹੋਣ ਦੀ ਬਜਾਏ ਬਾਹਰੀ ਤੱਤ ਵਜੋਂ ਸਥਾਪਿਤ ਹੋ ਸਕਦੇ ਹਨ ਜੋ ਸ਼ਬਦਾਂ ਦੀ ਵਕ੍ਰਤਾ ਨਾਲ ਹੀ ਕਾਵਿ ਵਿਚ ਸੁਹਜ ਉਪਜਾ ਸਕਦੇ ਹਨ।

# ਵਰਗੀਕਰਨ

- ਅਲੰਕਾਰ ਦੇ ਵਰਗੀਕਰਨ ਤੋਂ ਪਹਿਲਾਂ ਇਹਨਾਂ ਦੀ ਸੰਖਿਆ ਬਾਰੇ ਨਿਸ਼ਚਿਤਤਾ ਹੋਣੀ ਚਾਹੀਦੀ ਹੈ ਪਰ ਕ੍ਰਮਿਕ ਵਿਕਾਸ ਤੋਂ ਪਤਾ ਚਲਦਾ ਹੈ ਕਿ ਅਲੰਕਾਰਾਂ ਦੀ ਗਿਣਤੀ ਸਦਾ ਇਕੋ ਜਿਹੀ ਨਹੀਂ ਰਹੀ ਹੈ। ਬਲਕਿ ਇਸ ਵਿਚ ਵਿਕਾਸ ਹੁੰਦਾ ਰਿਹਾ ਹੈ। ਗੁਰਸ਼ਰਨ ਕੌਰ ਜੱਗੀ ਦੁਆਰਾ ਇਸ ਵਿਕਾਸ-ਕ੍ਰਮ ਨੂੰ ਅਧਿਐਨ ਦੀ ਸੌਖ ਲਈ ਤ੍ਰਿੰਨ ਅਵਸਥਾਵਾਂ ਵਿੱਚ ਵੰਡਿਆ ਹੈ-ਪਹਿਲੀ ਅਵਸਥਾ ਭਾਮਹ ਤੋਂ ਲੈ ਕੇ ਵਾਮਨ ਤੱਕ ਹੈ। ਇਸ ਵਿਚ ਅਲਕਾਰਾਂ ਦੀ ਗਿਣਤੀ 52 ਰਹੀ। ਦੂਜੀ ਅਵਸਥਾ ਰੁਦ੍ਰਟ ਤੇ ਰੁੱਯਕ ਤੱਕ ਹੈ। ਇਸ ਵਿਚ 51 ਹੋਰ ਅਲੰਕਾਰਾਂ ਦੀ ਕਲਪਨਾ ਹੋਈ ਅਤੇ ਇਹ ਗਿਣਤੀ 103 ਤੱਕ ਪਹੁੰਚ ਗਈ। ਤੀਜੀ ਅਵਸਥਾ ਜਯਦੇਵ ਤੋਂ ਜਗਨਨਾਥ ਤੱਕ ਹੈ। ਇਸ ਅਵਸਥਾ ਦੌਰਾਨ 88 ਹੋਰ ਅਲਕਾਰਾਂ ਦੀ ਕਲਪਨਾ ਕੀਤੀ ਗਈ। ਇਸ ਤਰ੍ਹਾਂ ਇਹਨਾਂ ਦੀ ਗਿਣਤੀ 191 ਹੋ ਗਈ। ਅਲੰਕਾਰ ਦੀ ਇਸ ਤਰ੍ਹਾਂ ਵੱਧਦੀ ਗਿਣਤੀ ਨੂੰ ਦੇਖ ਕੇ ਕਿਹਾ ਜਾ ਸਕਦਾ ਹੈ ਕਿ ਅਲੰਕਾਰਾਂ ਦੀ ਗਿਣਤੀ ਸੀਮਿਤ ਨਹੀ ਹੈ ਬਲਕਿ ਨਿਰੰਤਰ ਵਧਦੀ ਰਹਿਣ ਵਾਲੀ ਹੈ। ਵੱਖ-ਵੱਖ ਆਚਾਰੀਆਂ ਦੁਆਰਾ ਅਲੰਕਾਰਾਂ ਦਾ ਵਰਗੀਕਰਨ ਕੀਤਾ ਗਿਆ ਹੈ ਪ੍ਰੰਤੂ ਇਥੇ ਅਸੀਂ ਸਿਰਫ਼ ਉਸੇ ਵਰਗੀਕਰਨ ਨੂੰ ਦਰਸਾਵਾਂਗੇ ਜੋ ਵਿਦਵਾਨਾਂ ਦੁਆਰਾ ਵੱਧ ਸਵੀਕ੍ਰਿਤ ਹੋਇਆ

# ਅਲੰਕਾਰ ਦੀਆ◌ਾ ਕਿਸਮਾਂ

- **ਸ਼ਬਦ ਅਲੰਕਾਰ**
- ਜਦੋਂ ਕਿਸੇ ਸ਼ਬਦ ਰਾਹੀਂ ਕਿਸੇ ਰਚਨਾ ਵਿਚ ਚਮਤਕਾਰ ਪੈਦਾ ਹੋਵੇ ਤਾਂ ਉੱਥੇ ਸ਼ਬਦ ਅੰਲਕਾਰ ਹੁੰਦਾ ਹੈ| ਸ਼ਬਦ ਤੇ ਆਧਾਰਿਤ ਹੋਣ ਕਾਰਨ ਇਸ ਵਿਚ ਜੇਕਰ ਉਸ ਚਮਤਕਾਰ ਪੈਦਾ ਕਰਨ ਵਾਲੇ ਸ਼ਬਦ ਦਾ ਪਰਿਵਰਤਨ ਕਰ ਦਿੱਤਾ ਜਾਵੇ ਤਾਂ ਚਮਤਕਾਰ ਖਤਮ ਹੇ ਜਾਂਦਾ ਹੈ।ਉ◌ੁ◌ੁਦਾਹਰਨ ਬੰ◌ਂਦੌ ਗੁਰੂ ਪਦ ਪਦੁਮ ਪਰਾਗਾ! ਸਰੁਚੀ ਸੁਬਾਸਸਸ
- ਅਨੁਪ੍ਰਾਸ ਅਲੰਕਾਰ
- ਅਨੁਪ੍ਰਾਸ ਸਬਦ ਅਨੁ+ਪ+ਅ◌ਾਸ ਤਿੰਨ ਸਬਦੇ ਦੇ ਮਿਲਣ ਨਾਲ ਬਣਿਆ ਹੈ ਅੱਖਰਾਂ ਅਰਥਾਤ ਵਰੇਣਾਂ ਦੀ ਸਮਾਨਤਾ ਹੋਵੇ ਭਾਵੇਂ ਸ੍ਵਰਾਂ ਦੀ ਸਮਾਨਤਾ ਹੋਵੇ ਭਾਵੇਂ ਨਾ| ਵਰਣਾਂ ਦੀ ਵਾਰ-ਵਾਰ ਇਕ ਹੀ ਕ੍ਰਮ ਵਿਚ ਨਿਕਟ ਵਰਤੋਂ ਨੂੰ ਅਨੁਪ੍ਰਾਸ ਕਿਹਾ ਜਾਂਦਾ ਹੈ|
- ਉਦਾਹਰਨ: ਦਰਸਨ ਪਰਸਨ ਸਰਸਨ ਹਰਸਨ ਰੰਗ ਰੰਗੀ ਕਰਤਾਰੀ ਹੈ|

# ਅਰਥ ਅਲੰਕਾਰ

- ਜਦੋਂ ਚਮਤਕਾਰ ਅਰਥ ਵਿਚ ਲੁਕਿਆ ਹੁੰਦਾ ਹੈ ਉਥੇ ਅਰਥ ਅੰਲਕਾਰ ਹੁੰਦਾ ਹੈ। ਇਸ ਵਿਚ ਕਿਸੇ ਸ਼ਬਦ ਦੀ ਥਾਂ ਉਸ ਦਾ ਸਮਾਨਾਰਥਕ ਸ਼ਬਦ ਰੱਖ ਦਿੱਤਾ ਜਾਵੇ ਤਾਂ ਉਸ ਦਾ ਚਮਤਕਾਰ ਉਸੇ ਤਰ੍ਹਾਂ ਹੀ ਬਣਿਆ ਰਹਿੰਦਾ ਹੈ। ਇਹਨਾਂ ਅੰਲਕਾਰਾਂ ਦੀ ਗਿਣਤੀ ਵਿਦਵਾਨਾਂ ਦੁਆਰਾ ਸੌ ਦੇ ਕਰੀਬ ਦੱਸੀ ਗਈ ਹੈ। ਇਹਨਾਂ ਅਰਥ ਅੰਲਕਾਰਾਂ ਨੂੰ ਆਚਾਰੀਆਂ ਦੁਆਰਾ ਵਰਗਾਂ ਵਿਚ ਵੰਡ ਕੇ ਵਿਚਾਰਿਆ ਗਿਆ ਹੈ। ਇਹ ਵਰਗ ਵੰਡ ਲਗਭਗ ਸਾਰੇ ਆਚਾਰੀਆਂ ਦੁਆਰਾ ਸੌਵੀਕਾਰੀ ਗਈ ਹੈ।
- ਸਮਾਨਤਾਮੂਲਕ ਅਰਥਾਲੰਕਾਰ
- ਅਰਥਾਲੰਕਾਰਾਂ ਵਿੱਚੋਂ ਸਦ੍ਰਿਸ਼ਤਾਮੂਲਕ (ਦ੍ਰਿਸ਼ ਦੀ ਸਮਾਨਤਾ) ਅਲੰਕਾਰਾਂ ਦੀ ਪ੍ਰਧਾਨਤਾ ਹੈ ਇਹਨਾਂ ਦੇ ਮੂਲ ਵਿੱਚ ਸਦ੍ਰਿਸ਼ਤਾ ਅਥਵਾ ਸਮਾਨਤਾ ਦਾ ਹੋਣਾ ਜਰੂਰੀ ਹੈ।
- ਉਪਮਾ ਅਲੰਕਾਰ ਉਪਮਾ ਸਬਦ ਓੁਪ ਅਤੇ ਮਾ ਜੋੜ ਨਾਲ ਬੜਿਆਾ ਹੈ ਜਿਸਦਾ ਅਰਥ ਹੈ ਨੇੜੇ ਰੱਖਕੇ ਵੇਖਣਾ ਓੁਪਮਾ ਅਲੰਕਾਰ ਉਹ ਹੈ ਜਿਥੇ ਇਕ ਵਸਤੂ ਜਾਂ ਵਿਅਕਤੀ ਦੀ ਉਪਮਾ ਕਿਸੇ ਦੂਸਰੀ ਵਸਤੂ ਜਾਂ ਵਿਅਕਤੀ ਨਾਲ ਕਰ ਕੇ ਕਾਵਿ ਵਿਚ ਚਮਤਕਾਰ ਪੈਦਾ ਕੀਤਾ ਗਿਆ ਹੋਵੇ।
- ਉਪਮਾ ਅਲੰਕਾਰ ਵਿਚ ਲਾਜਮੀ ਗੁਣ:
- ਉਪਮੇਯ: ਉਪਮੇਯ ਉਸ ਵਸਤੂ ਜਾਂ ਪਦਾਰਥ ਨੂੰ ਕਹਿੰਦੇ ਹਨ ਜਿਸ ਦੀ ਕਿਸੇ ਹੋਰ ਵਸਤੂ ਜਾਂ ਪਦਾਰਥ ਨਾਲ ਸਮਾਨਤਾ ਦਰਸਾਈ ਜਾਵੇ।
- ਉਪਮਾਨ: ਉਪਮਾਨ ਉਹ ਵਸਤੂ ਜਾਂ ਪਦਾਰਥ ਹੈ ਜਿਸ ਨਾਲ ਉਪਮੇਯ ਦੀ ਸਮਾਨਤਾ ਸਥਾਪਿਤ ਕੀਤੀ ਜਾਵੇ।
- ਵਾਚਕ: ਉਪਮੇਯ ਅਤੇ ਉਪਮਾਨ ਵਿਚ ਸਮਾਨਤਾ ਸਥਾਪਿਤ ਕਰਨ ਵਾਲੇ ਸ਼ਬਦ ਨੂੰ "ਵਾਚਕ" ਕਹਿੰਦੇ ਹਨ।
- ਸ਼ਾਝਾ ਧਰਮ: ਉਪਮੇਯ ਅਤੇ ਉਪਮਾਨ ਵਿਚਲਾ ਸਮਾਨ ਗੁਣ ਸਾਂਝਾ ਧਰਮ ਹੈ।

- ਉਦਾਹਰਨ: ਸੋਹਣਾ ਦੇਸ਼ਾਂ ਅੰਦਰ ਦੇਸ ਪੰਜਾਬ ਨੀ ਸਈਓ. ਜਿਵੇਂ ਫੁੱਲਾਂ ਅੰਦਰ ਫੁੱਲ ਗੁਲਾਬ ਨੀ ਸਈਓ
- ਗੋਰੀ ਨ੍ਹਾ ਕੇ ਤਲਾਅ ਵਿੱਚੋਂ ਨਿਕਲੀ,
- ਸੁਲਫ਼ੇ ਦੀ ਲਾਟ ਵਰਗੀ।
- "ਗੋਰੀ" ਉਪਮੇਯ ਹੈ,'ਸੁਲਫ਼ੇ ਦੀ ਲਾਟ' ਉਪਮਾਨ ਹੈ।'ਵਰਗੀ'ਵਾਚਕ ਹੈ। ਅਤੇ'ਸੁੰਦਰ'ਤੇ ਚਮਤਕਾਰ ਹੋਣਾ ਦੋਹਾਂ ਦਾ ਸਾਂਝਾ ਧਰਮ ਹੈ।
- ਉਪਮੇਯੋਪਮਾ
- ਰੂਪਕ
- ਰੂਪਕ ਦਾ ਅਰਥ ਹੈ ਰੂਪ+ਕ =ਰੂਪ ਧਾਰਨ ਕਰਨਾ ਭਾਵ ਰੂਪ ਦੀ ਸਥਾਪਤੀ ਕਰਨਾ ਇੱਕ ਪਦਾਰਥ ਦੇ ਨਾਲ਼ ਹੋਰ ਪਦਾਰਥ ਦੇ ਭੇਦ ਰਹਿਤ ਵਰਣਨ ਨੂੰ ਸਥਾਪਤੀ ਕਹਿੰਦੇ ਹਨ ਓੁਦਾਹਾਰਨ "ਅੱਜ ਫੇਰ ਤਾਰੇ ਕਹਿ ਗਏ
- ਓੁਮਰਾਂ ਦੇ ਮਹਿਲੀ ਅਜੇ ਵੀ
- ਹੁਸਨਾ ਦੇ ਦੀਵੇ ਬਲ ਰਹੇ